# ਵਰਲਡ ਪੰਜਾਬੀ ਟਾਈਮਜ਼
# WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162, +1 (431) 458-6922

ਮੁੱਖ ਸੰਪਾਦਕ : ਡਾ. ਸੁਰਜੀਤ ਸਿੰਘ ਸਹਿ ਸੰਪਾਦਕ: ਨਵਜੋਤ ਬਿਲਿੰਗ ਬਿਊਰੋ ਚੀਫ ਕੈਨੇਡਾ : ਅਮਰਜੀਤ ਸਿੰਘ ਬਾਵਾ ਬਿਊਰੋ ਚੀਫ ਭਾਰਤ : ਗਗਨਦੀਪ ਗਿੱਲ




## ਸਰੀ ਵਿੱਚ 21 ਫਰਵਰੀ ਨੂੰ ਮਨਾਇਆ ਜਾਵੇਗਾ ਅੰਤਰਰਾਸ਼ਟਰੀ ਮਾਂ-ਬੋਲੀ ਦਿਹਾੜਾ: ਬਲਵੰਤ ਸਿੰਘ ਸੰਘੇੜਾ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ

ਸਰੀ, 19 ਫਰਵਰੀ : ਪਿਛਲੇ 30 ਸਾਲਾਂ ਤੋਂ ਕੈਨੇਡਾ ਵਿੱਚ ਪੰਜਾਬੀ ਮਾਂ-ਬੋਲੀ ਦੀ ਪ੍ਰਫੁੱਲਤਾ ਲਈ ਨਿਰੰਤਰ ਯਤਨਸ਼ੀਲ ਸੰਸਥਾ 'ਪੰਜਾਬੀ ਲੈਂਗੁਏਜ ਐਜੂਕੇਸ਼ਨ ਐਸੋਸੀਏਸ਼ਨ' (ਪਲੀਅ) ਵੱਲੋਂ ਇਸ ਸਾਲ ਵੀ ਅੰਤਰਰਾਸ਼ਟਰੀ ਮਾਂ-ਬੋਲੀ ਦਿਵਸ ਬਹੁਤ ਹੀ ਉਤਸ਼ਾਹ ਅਤੇ ਧੂਮ-ਧਾਮ ਨਾਲ ਮਨਾਇਆ ਜਾ ਰਿਹਾ ਹੈ। ਇਸ ਸਬੰਧੀ ਵਿਸ਼ੇਸ਼ ਸਮਾਗਮ 21 ਫਰਵਰੀ, ਦਿਨ ਸ਼ਨੀਵਾਰ ਨੂੰ ਤਾਜ ਪਾਰਕ ਕਨਵੈਨਸ਼ਨ ਸੈਂਟਰ (8580-132 ਸਟ੍ਰੀਟ) ਸਰੀ ਵਿਖੇ ਕਰਵਾਇਆ ਜਾ ਰਿਹਾ ਹੈ।

ਪੰਜਾਬੀ ਲੈਂਗੁਏਜ ਐਜੂਕੇਸ਼ਨ ਐਸੋਸੀਏਸ਼ਨ
Punjabi Language Education Associatio
Promoting Punjabi since 1993

ਇਹ ਜਾਣਕਾਰੀ ਦਿੰਦਿਆਂ ਪਲੀਅ ਦੇ ਪ੍ਰਧਾਨ ਬਲਵੰਤ ਸਿੰਘ ਸੰਘੇੜਾ ਨੇ ਕਿਹਾ ਹੈ ਕਿ ਪੰਜਾਬੀ ਪ੍ਰੇਮੀਆਂ ਲਈ ਇਹ ਬਹੁਤ ਹੀ ਮਹੱਤਵਪੂਰਨ ਸਮਾਗਮ ਹੋਵੇਗਾ ਜੋ ਕਿ ਦੀਪਕ ਬਿਨਿੰਗ ਫਾਊਂਡੇਸ਼ਨ ਅਤੇ ਤਾਜ ਪਾਰਕ ਕਨਵੈਨਸ਼ਨ ਸੈਂਟਰ ਦੇ ਸਹਿਯੋਗ ਨਾਲ ਦੁਪਹਿਰ 12:30 ਵਜੇ ਤੋਂ 3:00 ਵਜੇ ਤੱਕ ਕਰਵਾਇਆ ਜਾ ਰਿਹਾ ਹੈ। ਇਸ ਸਮਾਗਮ ਵਿੱਚ ਬੀ.ਸੀ. ਦੇ ਪੋਸਟ ਸੈਕੰਡਰੀ ਐਜੂਕੇਸ਼ਨ ਮੰਤਰੀ ਜੈਸੀ ਸੁੰਨੜ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਨਗੇ। ਇਸ ਮੌਕੇ ਸਾਬਕਾ ਆਰ.ਸੀ.ਐਮ.ਪੀ. ਅਫਸਰ ਅਤੇ ਸਤਿਕਾਰਯੋਗ ਸੈਨੇਟਰ ਬਲਤੇਜ ਸਿੰਘ ਢਿੱਲੋਂ ਵੀ ਵਿਸ਼ੇਸ਼ ਤੌਰ 'ਤੇ ਪਹੁੰਚ ਕੇ ਮਾਂ-ਬੋਲੀ ਪੰਜਾਬੀ ਪ੍ਰਤੀ ਆਪਣੇ ਤਜਰਬੇ ਸਾਂਝੇ ਕਰਨਗੇ। ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ਪੜ੍ਹ ਰਹੇ ਵਿਦਿਆਰਥੀ ਪੰਜਾਬੀ ਵਿੱਚ ਭਾਸ਼ਣ, ਕਵਿਤਾਵਾਂ ਅਤੇ ਗੀਤ ਪੇਸ਼ ਕਰਕੇ ਇਸ ਸਮਾਗਮ ਦੀ ਸ਼ਾਨ ਵਧਾਉਣਗੇ।

ਪਲੀਅ ਦੇ ਪ੍ਰਧਾਨ ਬਲਵੰਤ ਸਿੰਘ ਸੰਘੇੜਾ ਵੱਲੋਂ ਸਮੁੱਚੀ ਕਮਿਊਨਿਟੀ ਨੂੰ ਇਸ ਸਮਾਗਮ ਵਿੱਚ ਵੱਧ-ਚੜ੍ਹ ਕੇ ਸ਼ਾਮਲ ਹੋਣ ਦਾ ਸੱਦਾ ਦਿੱਤਾ ਗਿਆ ਹੈ ਤਾਂ ਜੋ ਆਪਣੀ ਮਾਂ-ਬੋਲੀ ਪੰਜਾਬੀ ਦੇ ਮਾਣ-ਸਤਿਕਾਰ ਨੂੰ ਹੋਰ ਵੀ ਵਧਾਇਆ ਜਾ ਸਕੇ।

## ਟਵੰਟੀ-ਟਵੰਟੀ ਸਪੋਰਟਸ ਕ੍ਰਿਕਟ ਗਰਾਊਂਡ ਸੰਧਵਾਂ ਵਿਖੇ ਹੋਏ ਫਾਈਨਲ ਮੁਕਾਬਲੇ, ਆਸ਼ੂਤੋਸ਼ ਐਜੂਕੇਸ਼ਨਲ ਸਰਵਿਸਜ ਦੀ ਟੀਮ ਜੇਤੂ

### ਮੁੱਖ ਮਹਿਮਾਨ ਕੁਲਤਾਰ ਸਿੰਘ ਬਰਾੜ ਨੇ ਜੇਤੂਆਂ ਨੂੰ ਕੀਤਾ ਸਨਮਾਨਤ : ਖੀਵਾ

ਕੋਟਕਪੂਰਾ, 19 ਫਰਵਰੀ : ਕੋਟਕਪੂਰਾ ਟਵੰਟੀ-ਟਵੰਟੀ ਸਪੋਰਟਸ ਕ੍ਰਿਕਟ ਗਰਾਊਂਡ ਸੰਧਵਾ ਕ੍ਰਿਕਟ ਪ੍ਰੇਮੀਆਂ ਲਈ ਵੱਡਾ ਤੇ ਨੇਕ ਉਪਰਾਲਾ ਹੈ ਜੋ ਰਾਤ ਨੂੰ ਕ੍ਰਿਕਟ ਖੇਡ ਕੇ ਆਪਣੀ ਮਾਨਸਿਕ ਅਤੇ ਸਰੀਰਕ ਤੰਦਰੁਸਤੀ ਦਾ ਧਿਆਨ ਰੱਖਦੇ ਹਨ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਟਵੰਟੀ ਟਵੰਟੀ ਸਪੋਰਟਸ ਕ੍ਰਿਕਟ ਗਰਾਊਂਡ ਸੰਧਵਾਂ ਵਿਖੇ ਅੱਠਵੇਂ ਜੈਨ ਸੰਨਜ਼ ਸੇਲਸ ਕਾਰਪੋਰੇਸ਼ਨ ਐਮਆਰਐਫ ਪੇਂਟ ਕ੍ਰਿਕਟ ਟੂਰਨਾਮੈਂਟ ਦੇ ਫਾਈਨਲ ਮੈਚ ਦੌਰਾਨ ਮੁੱਖ ਵਜੋਂ ਪੁੱਜੇ ਸ੍ਰ ਕੁਲਤਾਰ ਸਿੰਘ ਬਰਾੜ ਸਾਬਕਾ ਚੇਅਰਮੈਨ ਜਿਲਾ ਪ੍ਰੀਸ਼ਦ ਫਰੀਦਕੋਟ ਨੇ ਆਪਣੇ ਸੰਬੋਧਨ ਦੌਰਾਨ ਕਹੇ। ਉਹਨਾਂ ਨੇ ਸਾਰੀ ਮੈਨੇਜਮੈਂਟ ਅਤੇ ਸਾਰੀਆਂ ਟੀਮ ਸਪੋਂਸਰਾਂ ਦਾ ਧੰਨਵਾਦ ਕਰਦੇ ਹਾਂ ਕਿਹਾ ਕਿ ਅੱਜ ਨੌਜਵਾਨਾਂ ਨੂੰ ਗਰਾਊਂਡਾਂ ਨਾਲ ਜੋੜ ਕੇ ਨਸ਼ਿਆਂ ਤੋਂ ਦੂਰ ਰੱਖਣ ਅਤੇ ਭਾਈ ਵਾਲਤਾ ਦਾ ਵੱਡਾ ਸੰਦੇਸ਼ ਇਹਨਾਂ ਗਰਾਊਂਡਾਂ ਵਿੱਚ ਖੇਡ ਕੇ ਮਿਲਦਾ ਹੈ ਅਤੇ ਸਾਨੂੰ ਸਮੇਂ ਚੋਂ ਸਮਾਂ ਕੱਢ ਕੇ ਜਰੂਰ ਖੇਡਾਂ ਦਾ ਹਿੱਸਾ ਬਣਨਾ ਚਾਹੀਦਾ ਹੈ। ਇਸ ਸਮੇਂ ਵਿਸ਼ੇਸ਼ ਮਹਿਮਾਨ ਸਰਦਾਰ ਦਰਸ਼ਨ ਸਿੰਘ ਸੰਧੂ ਅੰਤਰਰਾਸ਼ਟਰੀ ਬਾਸਕਟ ਬਾਲ ਕੋਚ ਨੇ ਆਪਣੇ ਸੰਬੋਧਨ ਦੌਰਾਨ ਕਿਹਾ ਕਿ ਇਸ ਤਰ੍ਹਾਂ ਦੀਆਂ ਗਰਾਊਂਡਾਂ ਵਿਦੇਸ਼ਾਂ ਵਿੱਚ ਆਮ ਦੇਖਣ ਨੂੰ ਮਿਲਦੀਆਂ ਸਨ ਪਰ ਇਹਨਾਂ ਨੌਜਵਾਨਾਂ ਨੇ ਕੋਟਕਪੂਰੇ ਦੀ ਇਸ ਧਰਤੀ ਤੇ ਜੰਗਲ ਵਿੱਚ ਮੰਗਲ ਲਾ ਦਿੱਤੇ ਟਵੰਟੀ ਟਵੰਟੀ



ਕ੍ਰਿਕਟ ਗਰਾਊਂਡ ਦੇ ਸੰਸਥਾਪਕ ਸਰਦਾਰ ਬਲਜੀਤ ਸਿੰਘ ਖੀਵਾ ਅਤੇ ਹਰਪ੍ਰੀਤ ਸਿੰਘ ਹਨੀ ਸ਼ਰਮਾ ਨੇ ਦੱਸਿਆ ਕਿ ਅੱਠਵੇਂ ਜੈਨ ਸੇਲਜ਼ ਕਾਰਪੋਰੇਸ਼ਨ ਕ੍ਰਿਕਟ ਕੱਪ ਟੂਰਨਾਮੈਂਟ ਵਿੱਚ 10 ਟੀਮਾਂ ਨੇ ਭਾਗ ਲਿਆ ਸੀ ਅਤੇ ਲੀਗ ਮੈਚਾਂ ਤੋਂ ਬਾਅਦ ਫਾਈਨਲ ਮੈਚ ਆਸ਼ੂਤੋਸ਼ ਐਜੂਕੇਸ਼ਨਲ ਸਰਵਿਸਸ ਫਰੀਦਕੋਟ ਅਤੇ ਬੀ ਸਪੋਕ ਆਰਕੀਟੈਕਟ ਮੋਗਾ ਦੀਆਂ ਟੀਮਾਂ ਦਰਮਿਆਨ ਖੇਡਿਆ ਗਿਆ। ਮੈਨੇਜਰ ਸੁਖ ਸ਼ਰਮਾ ਨੇ ਦੱਸਿਆ ਕਿ ਫਾਈਨਲ ਮੈਚ ਵਿੱਚ ਬੀ ਸਕੋਪ ਆਰਕੀਟੈਕਟ ਨੇ ਪਹਿਲਾਂ ਬੱਲੇਬਾਜ਼ੀ ਕਰਦਿਆਂ 20 ਓਵਰਾਂ ਵਿੱਚ 163 ਬਣਾ ਕੇ ਟੀਮ ਆਲਆਊਟ ਹੋ ਗਈ। ਉਹਨਾਂ ਦਾ ਪਿੱਛਾ ਕਰਦੇ ਆਸ਼ੂਤੋਸ਼ ਐਜੂਕੇਸ਼ਨਲ ਸਰਵਿਸਸ ਨੇ 18 ਓਵਰਾਂ ਵਿੱਚ ਸੱਤ ਵਿਕਟਾਂ ਦੇ ਨੁਕਸਾਨ ਤੇ 164 ਬਣਾ ਕੇ ਟੂਰਨਾਮੈਂਟ ਤੇ ਜਿੱਤ ਪ੍ਰਾਪਤ ਕੀਤੀ। ਕੱਪ ਸਪੋਂਸਰ ਐਮਆਰਐਫ ਪੇਂਟ ਦੇ ਮੈਨੇਜਰ ਦਿਨੇਸ਼ ਸਿੰਗਲਾ, ਹਰਸ਼ਤ ਕੁਮਾਰ ਅਤੇ ਰਿਸ਼ਵ ਜੈਨ ਫਰੀਦਕੋਟ ਨੇ ਕਿਹਾ ਕਿ ਸਾਨੂੰ ਇਸ ਟੂਰਨਾਮੈਂਟ ਵਿੱਚ ਸਾਂਝ ਪਾ ਕੇ ਵੱਡੇ ਅਤੇ ਅਨੇਕਾਂ ਫਾਇਦੇ ਮਿਲੇ ਹਨ। ਜਿਨਾਂ ਵਿੱਚ ਲੋਕਲ ਲੈਵਲ ਤੇ ਲੋਕਾਂ ਨਾਲ ਜਾਣ ਪਹਿਚਾਣ ਅਤੇ ਸਮਾਜ ਲਈ ਕੁਝ ਕਰਨ ਦਾ ਸੁਪਨਾ ਪੂਰਾ ਹੋਇਆ ਹੈ। ਅਤੇ ਹਮੇਸ਼ਾ ਕੋਸ਼ਿਸ਼ ਕਰਦੇ ਰਹਾਂਗੇ ਕਿ ਇਸ ਤਰਾਂ ਦੇ ਟੂਰਨਾਮੈਂਟਾਂ ਵਿੱਚ ਸ਼ਮੂਲੀਅਤ ਕਰਕੇ ਨੌਜਵਾਨਾਂ ਨੂੰ ਸਹੀ ਰਾਹ ਪਾ ਸਕੀਏ। ਜਿਕਰਯੋਗ ਹੈ ਕਿ ਇਸ ਟੂਰਨਾਮੈਂਟ ਚ ਪਹਿਲਾਂ ਇਨਾਮ 41000 ਨਗਦ, ਦੂਜਾ ਇਨਾਮ 31000 ਨਗਦ ਅਤੇ ਟਰਾਫੀਆਂ ਅਤੇ ਕੈਟਾਗਰੀ ਵਾਈਜ਼ ਇਨਾਮ ਗੋਪੀ ਰੋਡੇ, ਰੇਸ਼ਮ ਖੋਸਾ, ਸਿਧਾਂਅੰਸ਼ੂ ਚੌਧਰੀ, ਲਾਡੀ ਮੁਦਕੀ ਅਤੇ ਪੁਲਿਕ ਸ਼ਰਮਾ ਵਧੀਆ ਪਲੇਅਰ ਐਲਾਨੇ ਗਏ ਜਿਨਾਂ ਨੂੰ ਵਾਸ਼ਿੰਗ ਮਸ਼ੀਨ, ਐਲ,ਈ,ਡੀ, ਏਅਰ ਫਰਾਇਰ ਅਤੇ ਹੋਰ ਵੀ ਬਹੁਤ ਸਾਰੇ ਦਿਲਕਸ਼ ਇਨਾਮਾਂ ਨਾਲ ਸਨਮਾਨਿਤ ਕੀਤਾ ਗਿਆ। ਇਸ ਸਮੇਂ ਮਨਜੀਤ ਸ਼ਰਮਾ ਆਪ ਆਗੂ ਅੰਪਾਇਰ ਕ੍ਰਾਂਤੀ ਪੰਜਗਰਾਈ, ਨੰਦੂ ਫ਼ਰੀਦਕੋਟ, ਲਾਈਵ ਦੀ ਡਿਊਟੀ ਪੰਕਜ ਮਹਿਰਾ, ਵੰਸ਼ ਮਹਿਰਾ ਅਤੇ ਕਮੈਂਟਰੀ ਦੀ ਡਿਊਟੀ ਸਿਮੂ ਢਿੱਲੋ ਨੇ ਬਾਖੂਬ ਨਿਭਾਈ। ਇਸ ਸਮੇਂ ਬਾਬਾ ਜਸਵਿੰਦਰ ਸਿੰਘ ਕਿੰਗ ਨਾਨਕਸਰ, ਆਸ਼ੂਤੋਸ਼ ਐਜੂਕੇਸ਼ਨਲ ਸਰਵਿਸਸ ਤੋਂ ਆਸੂਤੋਸ਼ ਗਰਗ, ਸੁਰਿੰਦਰ ਗਰਗ, ਬੀ ਸਪੋਕ ਆਰਕੀਟੈਕਟ ਤੋਂ ਅਕਸ਼ੈ ਜਿੰਦਲ ਅਤੇ ਕਾਫੀ ਕ੍ਰਿਕਟ ਪ੍ਰੇਮੀ ਅਤੇ ਸਪੋਟਰ ਹਾਜ਼ਰ ਸਨ।

## ਵਾਰਡ ਨੰਬਰ 2 ਵਿੱਚ 'ਆਪ' ਆਗੂਆਂ ਵੱਲੋਂ ਮੋਹਤਬਰਾਂ ਅਤੇ ਮੁਹੱਲਾ ਨਿਵਾਸੀਆਂ ਨਾਲ ਵਿਸ਼ੇਸ਼ ਮੀਟਿੰਗ

### ਮੁੱਖ ਮਹਿਮਾਨ ਕੁਲਤਾਰ ਸਿੰਘ ਬਰਾੜ ਨੇ ਜੇਤੂਆਂ ਨੂੰ ਕੀਤਾ ਸਨਮਾਨਤ : ਖੀਵਾ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ



ਕੋਟਕਪੂਰਾ, 19 ਫਰਵਰੀ : ਵਾਰਡ ਨੰਬਰ 2, ਕੋਟਕਪੂਰਾ ਵਿਖੇ ਆਮ ਆਦਮੀ ਪਾਰਟੀ ਦੇ ਆਗੂਆਂ ਵੱਲੋਂ ਮੋਹਤਬਰਾਂ ਅਤੇ ਮੁਹੱਲਾ ਨਿਵਾਸੀਆਂ ਨਾਲ ਇੱਕ ਵਿਸ਼ੇਸ਼ ਮੀਟਿੰਗ ਰੋਮਾ ਬਰਾੜ ਦੇ ਗ੍ਰਹਿ ਵਿਖੇ ਆਯੋਜਿਤ ਕੀਤੀ ਗਈ। ਇਸ ਮੀਟਿੰਗ ਦਾ ਮੁੱਖ ਉਦੇਸ਼ ਲੋਕਾਂ ਨੂੰ ਆਪ ਸਰਕਾਰ ਦੀਆਂ ਲੋਕ-ਪੱਖੀ ਨੀਤੀਆਂ, ਭਲਾਈ ਯੋਜਨਾਵਾਂ ਅਤੇ ਇਲਾਕੇ ਵਿੱਚ ਚੱਲ ਰਹੇ ਵਿਕਾਸ ਕਾਰਜਾਂ ਬਾਰੇ ਜਾਣੂ ਕਰਵਾਉਣਾ, ਨਾਲ ਹੀ ਬਾਕੀ ਰਹਿੰਦੇ ਕੰਮਾਂ ਨੂੰ ਤੁਰੰਤ ਨੇਪਰੇ ਚਾੜ੍ਹਨ ਲਈ ਸਾਂਝੀ ਰਣਨੀਤੀ ਤਿਆਰ ਕਰਨੀ ਸੀ। ਮੀਟਿੰਗ ਦੌਰਾਨ ਆਗੂਆਂ ਨੇ ਕਿਹਾ ਕਿ ਆਪ ਸਰਕਾਰ ਸਿੱਖਿਆ, ਸਿਹਤ, ਬਿਜਲੀ, ਪਾਣੀ ਅਤੇ ਬੁਨਿਆਦੀ ਢਾਂਚੇ ਦੇ ਮਜ਼ਬੂਤੀਕਰਨ ਵੱਲ ਪੂਰੀ ਤਰ੍ਹਾਂ ਵਚਨਬੱਧ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਹਰ ਵਾਰਡ ਦਾ ਸਮਾਨ ਅਤੇ ਸੰਤੁਲਿਤ ਵਿਕਾਸ ਸਰਕਾਰ ਦੀ ਪ੍ਰਾਥਮਿਕਤਾ ਹੈ ਅਤੇ ਲੋਕਾਂ ਦੀ ਭਾਗੀਦਾਰੀ ਨਾਲ ਹੀ ਵਿਕਾਸ ਕਾਰਜ ਹੋਰ ਤੇਜ਼ੀ ਨਾਲ ਅੱਗੇ ਵਧ ਸਕਦੇ ਹਨ। ਇਸ ਮੌਕੇ ਸੁਖਜੀਤ ਸਿੰਘ ਢਿੱਲਵਾਂ ਪ੍ਰਧਾਨ ਬੀ.ਸੀ. ਵਿੰਗ, ਮਨਪ੍ਰੀਤ ਸਿੰਘ ਮਣੀ ਧਾਲੀਵਾਲ ਪੀ.ਆਰ.ਓ. ਸਪੀਕਰ ਸਾਹਿਬ ਅਤੇ ਹਰਦੀਪ ਸਿੰਘ ਮਾਸਟਰ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਸਰਕਾਰ ਅਤੇ ਸੰਗਠਨ ਹਮੇਸ਼ਾਂ ਲੋਕਾਂ ਨਾਲ ਖੜ੍ਹੇ ਹਨ ਅਤੇ ਹਰ ਸਮੱਸਿਆ ਦਾ ਹੱਲ ਤਰਜੀਹੀ ਅਧਾਰ 'ਤੇ ਕੀਤਾ ਜਾਵੇਗਾ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਵਿਕਾਸ ਕਾਰਜਾਂ ਵਿੱਚ ਪੂਰਾ ਸਹਿਯੋਗ ਦੇਣ ਅਤੇ ਆਪਣੀਆਂ ਸਮੱਸਿਆਵਾਂ ਨਿਡਰ ਹੋ ਕੇ ਸਾਂਝੀਆਂ ਕਰਨ। ਵਿਕਾਸ ਕਾਰਜਾਂ ਨੂੰ ਸੁਚਾਰੂ ਢੰਗ ਨਾਲ ਅੱਗੇ ਵਧਾਉਣ ਅਤੇ ਪ੍ਰਸ਼ਾਸਨ ਤੇ ਮੁਹੱਲਾ ਨਿਵਾਸੀਆਂ ਦਰਮਿਆਨ ਲਗਾਤਾਰ ਤਾਲਮੇਲ ਬਣਾਈ ਰੱਖਣ ਲਈ ਇੱਕ ਸਥਾਨਕ ਕਮੇਟੀ ਦੇ ਗਠਨ ਬਾਰੇ ਵੀ ਵਿਸਥਾਰ ਨਾਲ ਵਿਚਾਰ-ਚਰਚਾ ਕੀਤੀ ਗਈ। ਮੀਟਿੰਗ ਵਿੱਚ ਵਿਸ਼ੇਸ਼ ਤੌਰ 'ਤੇ ਦਿਲਬਾਗ ਸਿੰਘ ਸਰਪੰਚ ਚੰਮੇਲੀ, ਨਿਰਭੈ ਸਿੰਘ ਸਰਪੰਚ ਕੋਠੇ ਇੰਦਰ, ਜਸਵਿੰਦਰ ਸਿੰਘ ਬਰਾੜ ਢੁੱਡੀ ਅਤੇ ਲਾਡੀ ਢੁੱਡੀ ਹਾਜ਼ਰ ਰਹੇ। ਇਸ ਤੋਂ ਇਲਾਵਾ ਮੁਹੱਲਾ ਨਿਵਾਸੀਆਂ ਗੁਰਪ੍ਰੀਤ ਸਿੰਘ, ਐਚ.ਐਸ. ਬਰਾੜ, ਰੋਸ਼ਨ ਲਾਲ ਜੈਨ, ਸਾਹਿਬ ਸਿੰਘ, ਪ੍ਰਿੰਸੀਪਲ ਸੁਖਚੈਨ ਸਿੰਘ ਗਿੱਲ, ਹਰਜੀਤ ਸਿੰਘ ਫਿੱਡੂ ਭਲਵਾਨ, ਹਰਪ੍ਰੀਤ ਸਿੰਘ, ਰਾਜਵੀਰ ਸਿੰਘ, ਅਸ਼ੋਕ ਕੁਮਾਰ, ਹੰਸ ਰਾਜ, ਸੁਰੇਸ਼ ਕੁਮਾਰ, ਚਮਕੌਰ ਸਿੰਘ, ਬਲਜਿੰਦਰ ਸਿੰਘ, ਜਸਪ੍ਰੀਤ ਸਿੰਘ, ਜਗਜੀਤ ਸਿੰਘ, ਜਗਦੀਪ ਸ਼ਰਮਾ, ਡਾ. ਰਾਜਿੰਦਰ ਕੁਮਾਰ, ਅਮਰ ਸਿੰਘ ਅਤੇ ਅਰਵਿੰਦਰ ਸਿੰਘ ਨੇ ਵੀ ਹਾਜ਼ਰੀ ਭਰਦੇ ਹੋਏ ਮੁਹੱਲੇ ਦੇ ਮਸਲਿਆਂ 'ਤੇ ਖੁੱਲ੍ਹ ਕੇ ਵਿਚਾਰ-ਵਟਾਂਦਰਾ ਕੀਤਾ। ਮੀਟਿੰਗ ਮੌਕੇ ਲੋਕਾਂ ਨੇ ਵਿਕਾਸ ਕਾਰਜਾਂ ਲਈ ਪੂਰਾ ਸਹਿਯੋਗ ਦੇਣ ਦਾ ਭਰੋਸਾ ਦਿੱਤਾ ਅਤੇ ਸਰਕਾਰ ਦੀਆਂ ਨੀਤੀਆਂ ਪ੍ਰਤੀ ਸੰਤੋਖ ਪ੍ਰਗਟਾਇਆ।

## ਗੁਰਦੁਆਰਾ ਕਾਲਾਮਾਲਾ ਸਾਹਿਬ ਵਿਖੇ ਇਕੋਤਰੀ ਸਮਾਗਮ ਸ਼ਰਧਾਪੂਰਵਕ ਮਨਾਇਆ

ਵਰਲਡ ਪੰਜਾਬੀ ਟਾਈਮਜ਼ ਜਗਮੋਹਨ ਸ਼ਾਹ ਰਾਏਸਰ



ਮਹਿਲ ਕਲਾਂ,19 ਫਰਵਰੀ : ਇਤਿਹਾਸਿਕ ਗੁਰਦੁਆਰਾ ਸਿੱਧਸਰ ਕਾਲਾਮਾਲਾ ਸਾਹਿਬ ਛਾਪਾ (ਬਰਨਾਲਾ) ਵਿਖੇ ਸਾਲਾਨਾ ਇਕੋਤਰੀ ਸਮਾਗਮ ਗੁਰਦੁਆਰਾ ਕਾਲਾਮਾਲਾ ਸਾਹਿਬ ਕਮੇਟੀ ਦੀ ਅਗਵਾਈ ਹੇਠ ਸਮੂਹ ਸੰਗਤਾਂ ਦੇ ਸਹਿਯੋਗ ਸਦਕਾ ਸ਼ਰਧਾਂਭਾਵਨਾ ਨਾਲ ਮਨਾਇਆ ਗਿਆ। ਇਸ ਮੌਕੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ ਸ: ਜੱਸਾ ਸਿੰਘ ਆਹਲੂਵਾਲੀਆ ਗੁਰਮਤਿ ਸੰਗੀਤ ਵਿਦਿਆਲਾ ਕਾਲਾਮਾਲਾ ਸਾਹਿਬ ਦੇ ਵਿਦਿਆਰਥੀਆਂ ਦੇ ਰਾਗੀ ਜਥੇ ਨੇ ਮਨੋਹਰ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ । ਵਿਸ਼ੇਸ਼ ਤੌਰ ਤੇ ਪਹੁੰਚੇ ਸੰਤ ਬਾਬਾ ਓਂਕਾਰ ਸਿੰਘ ਬੇਰ ਖੁਰਦ ਨੇ ਕਥਾ ਕੀਰਤਨ ਦੁਆਰਾ ਸਮੂਹ ਸੰਗਤਾਂ ਨੂੰ ਗੁਰੂਸਹਿਬਾਨ ਦੀ ਸਿੱਖਿਆ ਅਨੁਸਾਰ ਗੁਰਸਿੱਖੀ ਜੀਵਨ ਧਾਰਨ ਕਰਕੇ ਬਾਣੀ ਅਤੇ ਬਾਣੇ ਨਾਲ ਜੁੜਨ ਲਈ ਪ੍ਰੇਰਿਤ ਕੀਤਾ। ਸਰਪੰਚ ਗੁਰਦੀਪ ਸਿੰਘ ਬਾਬਾ, ਪ੍ਰਧਾਨ ਕੁਲਵੰਤ ਸਿੰਘ ਸੂਮ, ਭਾਈ ਜਸਵੀਰ ਸਿੰਘ ਮਾਣਕੀ ਨੇ ਸਮੂਹ ਸੰਗਤਾਂ ਦਾ ਧੰਨਵਾਦ ਕਰਦਿਆ ਕਾਲਾਮਾਲਾ ਸਾਹਿਬ ਦੇ ਇਤਿਹਾਸ ਬਾਰੇ ਚਾਨਣਾ ਪਾਇਆ। ਉਨ੍ਹਾਂ ਦੱਸਿਆ ਕਿ ਸੱਚਖੰਡ ਵਾਸੀ ਬਾਬਾ ਮੱਲ ਸਿੰਘ ਕਾਲਾਮਾਲਾ ਸਾਹਿਬ ਅਤੇ ਸੰਤ ਜਸਵੀਰ ਸਿੰਘ ਖ਼ਾਲਸਾ ਵਲੋਂ ਲੰਬੇ ਸਮੇਂ ਤੋਂ ਚਲਾਈ ਗਈ ਪ੍ਰੰਪਰਾ ਅਨੁਸਾਰ ਇਸ ਅਸਥਾਨ ਉਪਰ ਧਾਰਮਿਕ ਸਮਾਗਮ ਕਰਵਾ ਕੇ ਸੰਗਤਾਂ ਨੂੰ ਗੁਰਸਿੱਖੀ ਨਾਲ ਜੋੜਣ ਦੇ ਕਾਰਜ ਨਿਰੰਤਰ ਜਾਰੀ ਰੱਖੇ ਜਾਣਗੇ । ਇਸ ਮੌਕੇ ਸਮੂਹ ਪ੍ਰਬੰਧਕਾਂ ਵਲੋ ਰਾਗੀ ਜਥਿਆਂ, ਵੱਖ ਵੱਖ ਨਾਮਵਰ ਸ਼ਖਸੀਅਤਾਂ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਬਾਬਾ ਗੁਰਦੇਵ ਸਿੰਘ ਕਾਰ ਸੇਵਾ, ਬਾਬਾ ਮੁਖਤਿਆਰ ਸਿੰਘ ਖੰਨਾ, ਭਾਈ ਬਲਤੇਜ ਸਿੰਘ ਯੂ ਐਸ ਏ, ਅਵਤਾਰ ਸਿੰਘ ਅਣਖੀ, ਭਾਈ ਗੁਰਮੀਤ ਸਿੰਘ ਪੰਡੋਰੀ, ਮੈਨੇਜਰ ਸਤਪਾਲ ਸਿੰਘ ਤਲਵੰਡੀ, ਇੰਚਾਰਜ ਗੁਰਜੰਟ ਸਿੰਘ ਛੀਨੀਵਾਲ, ਬਲਵੰਤ ਸਿੰਘ ਮਹੇਰਨਾ, ਬਲਜੀਤ ਸਿੰਘ ਪੰਡੋਰੀ, ਭਾਈ ਜਗਸੀਰ ਸਿੰਘ ਖ਼ਾਲਸਾ, ਬਾਬਾ ਧਰਮ ਸਿੰਘ, ਪ੍ਰਧਾਨ ਜਗਤਾਰ ਸਿੰਘ ਪੰਡੋਰੀ, ਸੁਖਵਿੰਦਰ ਸਿੰਘ ਬਿੰਦਰ, ਬੀਬੀ ਪਰਮਜੀਤ ਕੌਰ ਭੱਠਲ, ਮਾਤਾ ਸੁਰਜੀਤ ਕੌਰ, ਕਰਮਜੀਤ ਕਰਮਾ, ਪ੍ਰਧਾਨ ਰਾਜ ਸਿੰਘ ਮਨਸੂਰਾਂ, ਬਹਾਦਰ ਸਿੰਘ ਖ਼ਾਲਸਾ ਸਾਊਂਡ, ਬਲਵੀਰ ਸਿੰਘ ਨਾਮਧਾਰੀ, ਭੋਲਾ ਸਿੰਘ ਭੱਠਲ, ਬਲਵੀਰ ਸਿੰਘ, ਜਗਜੀਤ ਸਿੰਘ, ਸ਼ਿੰਗਾਰਾ ਸਿੰਘ, ਭੋਲਾ ਸਿੰਘ ਫੌਜੀ, ਜਰਨੈਲ ਸਿੰਘ, ਸੁਖਵਿੰਦਰ ਸਿੰਘ, ਗੁਰਮੇਲ ਸਿੰਘ, ਗੁਰਮੇਲ ਸਿੰਘ ਮੱਲੀਆਂ, ਕ੍ਰਿਸ਼ਨ ਸਿੰਘ, ਹਰਦੀਪ ਸਿੰਘ ਪਿੱਲਾ, ਗੁਰਦੀਪ ਸਿੰਘ ਟਿਵਾਣਾ, ਸੁਦਾਗਰ ਸਿੰਘ ਚਹਿਲ, ਯਾਦਵਿੰਦਰ ਸਿੰਘ ਯਾਦੂ, ਸੁਖਦੇਵ ਸਿੰਘ ਸੈਕਟਰੀ, ਸਫਾਈ ਸੇਵਾ ਕਲੱਬ ਦੇ ਪ੍ਰਧਾਨ ਗੁਰਪ੍ਰੀਤ ਸਿੰਘ ਪੀਤਾ, ਬਾਬਾ ਬਖਸ਼ੀਸ਼ ਸਿੰਘ ਕਸਬਾ, ਭਾਈ ਧਰਮਪਾਲ ਸਿੰਘ ਲੋਹਗੜ੍ਹ, ਜਸਪਾਲ ਸਿੰਘ ਪੰਡੋਰੀ, ਭਿੰਦਰ ਸਿੰਘ ਕਸਬਾ, ਰਾਜਵਿੰਦਰ ਸਿੰਘ ਬਦੇਸ਼ੇ, ਬਲਦੇਵ ਸਿੰਘ ਚੁਹਾਣਕੇ ਆਦਿ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।

## ਮੁੱਖ ਮੰਤਰੀ ਸਿਹਤ ਯੋਜਨਾ ਦੇ ਕਾਰਡ ਬਣਾਉਣ ਲਈ ਜ਼ਿਲ੍ਹੇ ਵਿੱਚ 57 ਥਾਵਾਂ ਤੇ ਵਿਸ਼ੇਸ਼ ਕੈਂਪ ਜਾਰੀ : ਵਧੀਕ ਡਿਪਟੀ ਕਮਿਸ਼ਨਰ

### ਰਜਿਸਟ੍ਰੇਸ਼ਨ ਲਈ ਆਧਾਰ ਕਾਰਡ ਅਤੇ ਵੋਟਰ ਕਾਰਡ ਨਾਲ ਲਿਜਾਇਆ ਜਾਵੇ : ਚੇਅਰਮੈਨ ਜਤਿੰਦਰ ਸਿੰਘ ਭੱਲਾ

### ਨਾਬਾਲਗਾਂ ਦੀ ਰਜਿਸਟ੍ਰੇਸ਼ਨ ਲਈ ਜਨਮ ਸਰਟੀਫਿਕੇਟ ਜ਼ਰੂਰੀ

### ਜ਼ਿਲ੍ਹਾ ਵਾਸੀਆਂ ਨੂੰ ਮੁੱਖ ਮੰਤਰੀ ਸਿਹਤ ਯੋਜਨਾ ਤਹਿਤ ਰਜਿਸਟ੍ਰੇਸ਼ਨ ਕਰਾਉਣ ਦੀ ਅਪੀਲ

ਵਰਲਡ ਪੰਜਾਬੀ ਟਾਈਮਜ਼ ਗੁਰਪ੍ਰੀਤ ਚਹਿਲ



ਬਠਿੰਡਾ, 19 ਫਰਵਰੀ : ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਮੁੱਖ ਮੰਤਰੀ ਸਿਹਤ ਯੋਜਨਾ ਦੇ ਕਾਰਡ ਬਣਾਉਣ ਲਈ ਜ਼ਿਲ੍ਹੇ 'ਚ ਵਿਸ਼ੇਸ਼ ਮੁਹਿੰਮ ਲਗਾਤਾਰ ਜਾਰੀ ਹੈ। ਇਸ ਮੁਹਿੰਮ ਤਹਿਤ ਪਹਿਲੇ ਪੜਾਅ ਵਿੱਚ ਰੋਜ਼ਾਨਾ ਜ਼ਿਲ੍ਹੇ ਭਰ ਵਿਚ 57 ਥਾਵਾਂ 'ਤੇ ਵਿਸ਼ੇਸ਼ ਕੈਂਪ ਲਗਾ ਕੇ ਮੁੱਖ ਮੰਤਰੀ ਸਿਹਤ ਯੋਜਨਾ ਦੇ ਲਾਭਪਾਤਰੀਆਂ ਦੀ ਰਜਿਸਟ੍ਰੇਸ਼ਨ ਕਰਵਾਈ ਜਾ ਰਹੀ ਹੈ। ਇਹ ਜਾਣਕਾਰੀ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਮੈਡਮ ਪੂਨਮ ਸਿੰਘ ਨੇ ਬੀਮਾ ਯੋਜਨਾ ਸਬੰਧੀ ਬੁਲਾਈ ਗਈ ਵਿਸ਼ੇਸ਼ ਬੈਠਕ ਨੂੰ ਸੰਬੋਧਨ ਕਰਦਿਆਂ ਦਿੱਤੀ। ਇਸ ਮੌਕੇ ਚੇਅਰਮੈਨ ਨਗਰ ਸੁਧਾਰ ਟਰੱਸਟ ਬਠਿੰਡਾ ਸ਼੍ਰੀ ਜਤਿੰਦਰ ਸਿੰਘ ਭੱਲਾ ਵਿਸ਼ੇਸ਼ ਤੌਰ ਤੇ ਹਾਜ਼ਰ ਸਨ।

ਮੀਟਿੰਗ ਦੌਰਾਨ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਮੈਡਮ ਪੂਨਮ ਸਿੰਘ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਹਰੇਕ ਨਾਗਰਿਕ ਨੂੰ ਮੁੱਖ ਮੰਤਰੀ ਸਿਹਤ ਯੋਜਨਾ ਦਾ ਕਾਰਡ ਬਣਾ ਕੇ ਦਿੱਤਾ ਜਾਣਾ ਹੈ, ਜਿਸ ਨਾਲ ਹਰ ਪਰਿਵਾਰ ਦਾ 10 ਲੱਖ ਰੁਪਏ ਸਾਲਾਨਾ ਦਾ ਨਕਦੀ ਰਹਿਤ ਇਲਾਜ ਹੋਵੇਗਾ। ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਸਿਹਤ ਯੋਜਨਾ ਤਹਿਤ ਜ਼ਿਲ੍ਹੇ ਦੇ ਸਰਕਾਰੀ ਦੇ ਨਾਲ-ਨਾਲ ਪ੍ਰਾਈਵੇਟ ਹਸਪਤਾਲ ਵੀ ਸੂਚੀਬੱਧ ਕੀਤੇ ਗਏ ਹਨ। ਰਜਿਸਟ੍ਰੇਸ਼ਨ ਲਈ ਆਪਣਾ ਆਧਾਰ ਕਾਰਡ, ਵੋਟਰ ਕਾਰਡ ਅਤੇ ਨਾਬਾਲਗ ਦੀ ਰਜਿਸਟ੍ਰੇਸ਼ਨ ਲਈ ਜਨਮ ਸਰਟੀਫਿਕੇਟ ਨਾਲ ਲਿਆਉਣਾ ਲਾਜ਼ਮੀ ਹੈ।

ਉਨ੍ਹਾਂ ਕਿਹਾ ਕਿ ਇਹ ਕੈਂਪ ਵਿਧਾਨ ਸਭਾ ਹਲਕਾ ਬਠਿੰਡਾ (ਸ਼ਹਿਰੀ), ਬਠਿੰਡਾ (ਦਿਹਾਤੀ), ਤਲਵੰਡੀ ਸਾਬੋ, ਰਾਮਪੁਰਾ ਫੂਲ, ਭੁੱਚੋ ਅਤੇ ਮੌੜ ਵਿਖੇ ਵੱਖ-ਵੱਖ ਥਾਵਾਂ ਤੇ ਲਗਾਏ ਜਾ ਰਹੇ ਹਨ। ਇਸ ਤੋਂ ਇਲਾਵਾ ਜ਼ਿਲ੍ਹਾ ਬਠਿੰਡਾ ਦੇ ਸਾਰੇ ਸੀ.ਐੱਸ.ਸੀ. ਸੈਂਟਰਾਂ ਵਿਖੇ ਵੀ ਰੇਜਿਸਟ੍ਰੇਸ਼ਨ ਦੀ ਸਹੂਲਤ ਦਿੱਤੀ ਗਈ ਹੈ ।

ਚੇਅਰਮੈਨ ਨਗਰ ਸੁਧਾਰ ਟਰੱਸਟ ਬਠਿੰਡਾ ਸ਼੍ਰੀ ਜਤਿੰਦਰ ਸਿੰਘ ਭੱਲਾ ਨੇ ਮੀਟਿੰਗ ਦੌਰਾਨ ਜ਼ਿਲ੍ਹਾ ਨਿਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਨੇੜਲੇ ਵਿਸ਼ੇਸ਼ ਕੈਂਪ ਵਿੱਚ ਪਹੁੰਚ ਕੇ ਮੁੱਖ ਮੰਤਰੀ ਸਿਹਤ ਯੋਜਨਾ ਤਹਿਤ ਆਪਣੀ ਰਜਿਸਟ੍ਰੇਸ਼ਨ ਲਾਜ਼ਮੀ ਤੌਰ 'ਤੇ ਕਰਵਾਉਣ। ਉਨ੍ਹਾਂ ਇਹ ਵੀ ਦੱਸਿਆ ਕਿ ਮੌਜੂਦਾ ਇਲਾਕਿਆਂ ਵਿੱਚ ਰਜਿਸਟ੍ਰੇਸ਼ਨ ਕਾਰਜ ਸੰਪੂਰਣ ਹੋਣ ਤੋਂ ਬਾਅਦ ਅਗਲੇ ਪੜਾਅ ਵਿੱਚ ਇਹ ਕੈਂਪ ਹੋਰ ਪਿੰਡਾਂ ਅਤੇ ਸ਼ਹਿਰੀ ਵਾਰਡਾਂ ਵਿੱਚ ਵੀ ਆਯੋਜਿਤ ਕੀਤੇ ਜਾਣਗੇ, ਤਾਂ ਜੋ ਹਰ ਵਿਅਕਤੀ ਤੱਕ ਮੁੱਖ ਮੰਤਰੀ ਸਿਹਤ ਯੋਜਨਾ ਦਾ ਲਾਭ ਪਹੁੰਚ ਸਕੇ।

ਇਸ ਮੌਕੇ ਡੀ.ਐਮ.ਸੀ.ਐੱਸ.ਸੀ ਤਰਸੇਮ ਸਿੰਘ ਬਰਾੜ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਆਦਿ ਹਾਜ਼ਰ ਸਨ।

## ਬਾਬਾ ਫਰੀਦ ਲਾਅ ਕਾਲਜ ਦੇ ਐਨ.ਸੀ.ਸੀ. ਕੈਡਿਟਸ ਨੇ ਦਿੱਤੀ ਸਰਟੀਫਿਕੇਟ ਬੀ ਅਤੇ ਸੀ ਪ੍ਰੀਖਿਆ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ



ਕੋਟਕਪੂਰਾ, 19 ਫਰਵਰੀ : ਬਾਬਾ ਫਰੀਦ ਲਾਅ ਕਾਲਜ ਫਰੀਦਕੋਟ ਵਿੱਚ ਮਾਨਯੋਗ ਚੇਅਰਮੈਨ ਸਵ. ਸ. ਇੰਦਰਜੀਤ ਸਿੰਘ ਖਾਲਸਾ ਜੀ ਦੀ ਅਗਾਂਹਵਧੂ ਸੋਚ ਨੂੰ ਅੱਗੇ ਵਧਾਉਂਦੇ ਹੋਏ ਸ. ਸਿਮਰਜੀਤ ਸਿੰਘ ਸੇਖੋਂ ਜੀ ਦੀ ਰਹਿਨੁਮਾਈ ਅਤੇ ਪ੍ਰਿੰਸੀਪਲ ਡਾ. ਪੰਕਜ ਕੁਮਾਰ ਗਰਗ ਦੀ ਅਗਵਾਈ ਹੇਠ ਕਾਲਜ ਦੇ ਐਨ.ਸੀ.ਸੀ ਕੈਡਿਟਸ ਨੇ ਅਮਿਤ ਛਾਬੜਾ (ਅਸਿਟੈਂਟ ਪ੍ਰੋਫੈਸਰ) ਨਾਲ 13 ਪੰਜਾਬ ਬਟਾਲੀਅਨ ਦੁਆਰਾ ਕਰਵਾਈ ਸਰਟੀਫਿਕੇਟ ਬੀ ਅਤੇ ਸੀ ਦੀ ਪ੍ਰੀਖਿਆ ਦੇਣ ਲਈ ਫਿਰੋਜਪੁਰ ਗਏ। ਇਸ ਦੌਰਾਨ ਪ੍ਰੈਕਟੀਕਲ ਪ੍ਰੀਖਿਆ ਵਿੱਚ ਕੈਡਿਟਸ ਨੇ ਜੰਗ ਵਿੱਚ ਵਰਤੇ ਜਾਣ ਵਾਲੇ ਡਰਿੱਲ, ਵੈਪਨ ਹੈਂਡਲਿੰਗ, ਕਮਿਊਨੀਕੇਸ਼ਨ, ਫੀਲਡ ਕਰਾਫਟ ਬੈਟਲ ਕਰਾਫਟ, ਟੈਲੀਫੋਨਿਕ ਸਿਗਨਲ, ਮੈਪ ਰੀਡਿੰਗ ਐਕਟੀਵਿਟੀਆਂ ਵਿੱਚ ਭਾਗ ਲੈ ਕੇ ਬਹੁਮੁੱਲੀ ਜਾਣਕਾਰੀ ਹਾਸਿਲ ਕੀਤੀ। ਇਸੇ ਤਰਾਂ ਕੈਡਿਟਸ ਨੇ ਪਰਸਨੈਲਿਟੀ ਡਿਵੈਲਪਮੈਂਟ, ਕਰਿਟੀਕਲ ਥਿੰਕਿੰਗ, ਵੈਪਨ ਟਰੇਨਿੰਗ ਅਤੇ ਆਰਮਡ ਫੋਰਸਜ਼ ਵਿਸ਼ਿਆਂ ਦੀ ਲਿਖਤੀ ਪ੍ਰੀਖਿਆ ਦਿੱਤੀ। ਵਿਦਿਆਰਥੀਆਂ ਦੇ ਕਾਲਜ ਪਹੁੰਚਣ ਤੇ ਪ੍ਰਿੰਸੀਪਲ ਡਾ. ਪੰਕਜ ਕੁਮਾਰ ਗਰਗ ਜੀ ਨੇ ਵਿਦਿਆਰਥੀਆਂ ਦੀ ਹੌਂਸਲਾ ਅਫਜਾਈ ਕੀਤੀ। ਉਹਨਾਂ ਕਿਹਾ ਕਿ ਕਾਲਜ ਦੇ ਐਨ.ਸੀ.ਸੀ. ਕੈਡਿਸਟ ਨੇ ਇਸ ਪ੍ਰੀਖਿਆ ਦੌਰਾਨ ਲਿਖਤੀ ਅਤੇ ਪ੍ਰੈਕਟੀਕਲ ਜਾਣਕਾਰੀ ਪ੍ਰਾਪਤ ਕੀਤੀ ਹੈ ਜੋ ਉਹਨਾਂ ਦੇ ਭਵਿੱਖ ਵਿੱਚ ਲਾਹੇਵੰਦ ਸਿੱਧ ਹੋਵੇਗੀ। ਉਹਨਾਂ ਕਿਹਾ ਕਿ ਇਸ ਨਾਲ ਵਿਦਿਆਰਥੀਆਂ ਵਿੱਚ ਦੇਸ਼-ਸੇਵਾ ਅਤੇ ਦੇਸ਼ ਸੁਰੱਖਿਆ ਦੀ ਭਾਵਨਾ ਦਾ ਵਿਕਾਸ ਹੁੰਦਾ ਹੈ। ਅੰਤ ਵਿੱਚ ਉਹਨਾਂ ਕਾਲਜ ਦੀ ਮੈਨੇਜਮੈਂਟ ਕਮੇਟੀ ਦਾ ਵੀ ਧੰਨਵਾਦ ਕੀਤਾ ਜੋ ਸ. ਸਿਮਰਜੀਤ ਸਿੰਘ ਸੇਖੋਂ (ਚੇਅਰਮੈਨ) ਜੀ ਦੀ ਯੋਗ ਅਗਵਾਈ ਵਿੱਚ ਕਾਲਜ ਦੇ ਵਿਦਿਆਰਥੀਆਂ ਨੂੰ ਹਰ ਤਰਾਂ ਦੀ ਸਹੂਲਤ ਮੁਹੱਇਆ ਕਰਵਾ ਰਹੀ ਹੈ।

## 1933 ਤੋਂ ਆਰੰਭ ਹੋਈਆਂ ਕਿਲ੍ਹਾ ਰਾਏਪੁਰ ਦੀਆਂ ਖੇਡਾਂ



ਵਰਲਡ ਪੰਜਾਬੀ ਟਾਈਮਜ਼ ਗੁਰਭਜਨ ਗਿੱਲ

ਕਿਲ੍ਹਾ ਰਾਏਪੁਰ ਦੀਆਂ ਖੇਡਾਂ ਕੱਲ੍ਹ ਸ਼ੁਰੂ ਹੋ ਗਈਆਂ ਨੇ। ਪੰਜਾਬ ਦੇ ਖੇਤੀ ਤੇ ਪਸ਼ੂ ਪਾਲਣ ਮੰਤਰੀ ਸ. ਗੁਰਮੀਤ ਸਿੰਘ ਖੁੱਡੀਆਂ ਬੈਲ ਗੱਡੀਆਂ ਦੀਆਂ ਦੌੜਾਂ ਸ਼ੁਰੂ ਕਰਵਾਉਣ ਪੁੱਜੇ। ਭਗਵੰਤ ਸਿੰਘ ਮਾਨ ਸਰਕਾਰ ਬੈਲ ਗੱਡੀ ਚਾਲਕਾਂ ਦੀਆਂ ਰੀਝਾਂ ਉਮੰਗਾਂ ਨੂੰ ਪੂਰਾ ਕਰਕੇ ਜੱਸ ਖੱਟਿਆ ਹੈ। ਹੁਣ ਇਹ ਜ਼ੁੰਮੇਵਾਰੀ ਬੈਲ ਗੱਡੀ ਚਾਲਕਾਂ ਦੀ ਹੈ ਕਿ ਉਹ ਨਵੇਂ ਬਣੇ ਵਿਧੀ ਵਿਧਾਨ ਤੋਂ ਲਾਂਭੇ ਨਾ ਜਾਣ।
ਮੈਂ ਪਹਿਲੀ ਵਾਰ 1974-75 ਵਿੱਚ ਵੇਖੀਆਂ ਸਨ। ਉਸ ਸਾਲ ਰਾਸ਼ਟਰਪਤੀ ਵੀ ਵੀ ਗਿਰੀ ਨੇ ਆਉਣਾ ਸੀ। ਧੂੜ ਤੇ ਧੁੰਦ ਕਾਰਨ ਜਹਾਜ਼ ਉੱਤਰ ਨਾ ਸਕਿਆ ਤੇ ਉਹ ਉਹਨੀਂ ਪੈਰੀਂ ਵਾਪਸ ਪਰਤ ਗਏ। ਸ. ਬਰਜਿੰਦਰ ਸਿੰਘ ਹਮਦਰਦ ਜੀ ਦੀ ਪ੍ਰੇਰਨਾ ਸਦਕਾ ਮੈਂ ਉਨ੍ਹਾਂ ਦੇ ਮਾਸਿਕ ਪੱਤਰ "ਦ੍ਰਿਸ਼ਟੀ" ਲਈ ਇਨ੍ਹਾਂ ਖੇਡਾਂ ਬਾਰੇ ਲੇਖ ਲਿਖਿਆ। ਇਸ ਵਿੱਚ ਗੁੱਜਰਵਾਲ ਵਾਲੇ ਬੋਤਾ ਚਾਲਕ ਤੇਜਾ ਸਿੰਘ ਦੀ ਤਸਵੀਰ ਸੀ। ਚਾਰ ਚਾਰ ਬੈਲ ਗੱਡੀਆਂ ਇਕੱਠੀਆਂ ਭੱਜਦੀਆਂ ਸਨ। ਇਸ ਦੌੜ ਦੇ ਬਾਨੀ ਸ. ਬਖਸ਼ੀਸ਼ ਸਿੰਘ ਗਰੇਵਾਲ ਨੂੰ ਪਹਿਲੀ ਵਾਰ ਪਰਮਜੀਤ ਪੰਮੀ ਨੇ ਮਿਲਾਇਆ। ਉਨ੍ਹਾਂ ਦਾ ਬੇਟਾ ਸੁਰਜੀਤ ਸਿੰਘ ਗਰੇਵਾਲ ਕਈ ਸਾਲ ਇਨ੍ਹਾਂ ਖੇਡਾਂ ਦਾ ਆਗੂ ਰਿਹਾ। ਕਈ ਸਾਲ ਬਾਦ ਅਸਾਂ ਉਨ੍ਹਾਂ ਦੀ ਪੇਂਟਿੰਗ ਪੀ ਏ ਯੂ ਅਧਿਆਪਕ ਸੁਖਵਿੰਦਰ ਸੱਗੂ ਤੋਂ ਤਿਆਰ ਕਰਵਾਈ। ਆਕਾਸ਼ਵਾਣੀ ਦੇ ਸਹਾਇਕ ਨਿਰਦੇਸ਼ਕ ਹਰਭਜਨ ਸਿੰਘ ਬਟਾਲਵੀ ਜੀ ਨੇ ਖਸ਼ੀਸ਼ ਸਿੰਘ ਦੀ ਰੇਡੀਉ ਲਈ ਇੰਟਰਵਿਊ ਕੀਤੀ ਤੇ ਲੇਖ ਵੀ ਲਿਖਿਆ। ਕਿਲ੍ਹਾ ਰਾਏਪੁਰ ਖੇਡਾਂ ਦੇ ਸੋਵੀਨਰ ਵਿੱਚ ਇਹ ਲੇਖ ਛਪਿਆ। ਨਾਮ ਸੀ
"ਬਖਸ਼ੀ ਚਾਲਕ ਨਹੀਂ ਕਿਸੇ ਬਣ ਜਾਣਾ, ਘਰ ਘਰ ਪੁੱਤ ਜੰਮਦੇ। "

ਹੁਣ ਬਟਾਲਵੀ ਜੀ ਸੰਸਾਰ ਤੇ ਨਹੀਂ ਹਨ , ਬਾਪੂ ਬਖਸੀਸ਼ ਸਿੰਘ ਵੀ ਨਹੀਂ, ਪਰ ਯਾਦ ਸਲਾਮਤ ਹੈ।
ਦਸੰਬਰ 1978 ਵਿੱਚ ਮੇਰੀ ਸ਼ਾਦੀ ਕਿਲ੍ਹਾ ਰਾਏਪੁਰ ਵਿੱਚ ਨਿਰਪਜੀਤ ਨਾਲ ਹੋਣ ਨਾਲ ਇੱਥੋਂ ਦੇ ਪਰਿਵਾਰਕ ਮਿੱਤਰਾਂ , ਹਰਭਜਨ ਕੋਚ, ਜਿੰਦੂ ਬਾਈ, ਦਲਜੀਤ ਸਿੰਘ ਗਰੇਵਾਲ, ਹਰਜੀਤ ਸਿੰਘ ਹਰੀ, ਪੰਮੀ ਘੁੱਗੀ, ਬਿੱਲੂ,ਦਾਰਾ, ਗਿਆਨ, ਸਰਬਾ, ਨੋਤੀ,ਮੀਤਾ , ਕਮਲ, ਰਾਜਵਿੰਦਰ ਤੇ ਗਿਆਨੀ ਹਰਜੀਤ ਦੇ ਅੰਗ ਸੰਗ ਰਹਿ ਕੇ ਖੇਡਾਂ ਲਈ ਕਈ ਸਾਲ ਲਿਖਣ ਪੜ੍ਹਨ ਤੇ ਲੋਕ ਗਾਇਕਾਂ ਨੂੰ ਬੁਲਾਉਣ ਵਿੱਚ ਵੀ ਮਦਦ ਕਰਦਾ ਰਿਹਾ।
ਸ. ਜੋਗਿੰਦਰ ਸਿੰਘ ਗਰੇਵਾਲ ਪੀ ਟੀ ਸਾਹਿਬ ਬੜੀ ਜੀਵੰਤ ਕੁਮੈਂਟਰੀ ਕਰਦੇ। ਫਿਰ ਦਾਰਾ ਸਿੰਘ ਨੇ ਮਾਈਕ ਫੜ ਲਿਆ। ਫਿਰ ਗਿਆਨੀ ਹਰਜੀਤ ਤੇ ਕਿੰਨੇ ਹੋਰ। ਪੇਂਡੂ ਖੇਡ ਮੇਲਿਆਂ ਦੀ ਕੁਮੈਂਟਰੀ ਦੇ ਜਨਮ ਦਾਤਾ ਸ. ਜੋਗਿੰਦਰ ਸਿੰਘ ਪੀਟੀ ਸਾਹਿਬ ਨੂੰ ਹੀ ਮੰਨਿਆ ਜਾ ਸਕਦਾ ਹੈ। ਪੀ ਟੀ ਸਾਹਿਬ ਬਹੁਤ ਮੁਹੱਬਤੀ ਜੀਅ ਸਨ। ਉਹੀ ਕਰਮਜੀਤ ਸਿੰਘ ਧੂਰੀ ਨੂੰ ਖੇਡਾਂ ਤੇ ਹਰ ਸਾਲ ਲਿਆਉਂਦੇ। ਉਸ ਨੂੰ ਕਾਕਾ ਧੂਰੀ ਵਾਲਾ ਖ਼ਿਤਾਬ ਵੀ ਉਨ੍ਹਾਂ ਨੇ ਹੀ ਦਿੱਤਾ ਹੋਇਆ ਸੀ। ਕਰਮਜੀਤ ਜਨਮ ਜਾਤ ਦੋਆਬੇ ਦਾ ਮਝੈਲ ਜੰਮਪਲ ਸੀ। ਬਿਆਸ ਦਰਿਆ ਦੇ ਬਿਲਕੁਲ ਕੰਢੇ ਉਸ ਦਾ ਜੱਦੀ ਪਿੰਡ ਸੀ ਮੰਡ ਬੁਤਾਲਾ। ਦਰਿਆਉਂ ਪਾਰਲੇ ਬੁਤਾਲੇ ਦੀ ਬਿਆਸ ਪਾਰਲਾ ਟੋਟਾ। ਬੱਲ ਗੋਤ ਸੀ ਪਰ ਉਸ ਲਿਖਿਆ ਕਦੇ ਨਾ। ਚੰਗਾ ਗਾਉਣ ਕਰਕੇ ਪ੍ਰਿੰਸੀਪਲ ਸੰਤ ਸਿੰਘ ਸੇਖੋਂ ਉਸਨੂੰ ਮਾਤਾ ਗੁਜਰੀ ਕਾਲਿਜ ਫ਼ਤਹਿਗੜ੍ਹ ਸਾਹਿਬ ਲੈ ਗਏ।
ਕਿਲ੍ਹਾ ਰਾਏਪੁਰ ਖੇਡਾਂ ਤੇ ਹੀ ਉਸ ਤੋਂ ਮੈਂ ਬੇਨਤੀ ਕਰਕੇ ਗੁਰਦੇਵ ਸਿੰਘ ਮਾਨ ਦਾ ਲਿਖਿਆ ਤੇ ਉਸ ਦਾ ਗਾਇਆ ਗੀਤ
ਬਈ ਮਿੱਤਰਾ ਦੀ ਲੂਣ ਦੀ ਡਲ਼ੀ,
ਨੀ ਤੂੰ ਮਿਸ਼ਰੀ ਬਰੋਬਰ ਜਾਣੀਂ।
ਨੀ ਮਿੱਤਰਾਂ ਦੀ ਗੜਵੀ ਦਾ,
ਮਿੱਠਾ ਸ਼ਰਬਤ ਵਰਗਾ ਪਾਣੀ।
ਉਸ ਤੋਂ ਲਾਈਵ ਸੁਣਿਆ ਸੀ।
ਕਈ ਸਾਲ ਪਹਿਲਾਂ ਉਸ ਦਾ ਸਟੇਜ ਮੁਕਾਬਲਾ ਜਗਮੋਹਨ ਕੌਰ ਨਾਲ ਹੋ ਗਿਆ। ਦੋਹਾਂ ਨੂੰ ਹੀ ਪੰਜਾਬੀ ਤੇ ਉਰਦੂ ਸ਼ਾਇਰੀ ਓੜਕਾਂ ਦੀ ਯਾਦ ਸੀ। ਇੱਕ ਹਟੇ, ਦੂਜਾ ਮਾਈਕ ਤੇ ਆਣ ਖਲੋਵੇ। ਮੁਕਾਬਲਾ ਡੇਢ ਘੰਟਾ ਚੱਲਿਆ। ਏਨਾ ਦਿਲਚਸਪ ਤੇ ਰਸਵੰਤਾ ਮੁਕਾਬਲਾ ਮੈਂ ਸਾਰੀ ਉਮਰ ਨਹੀਂ ਵੇਖ ਸਕਿਆ।
ਇਨ੍ਹਾਂ ਖੇਡਾਂ ਤੇ ਦੋ ਵਾਰ ਸ. ਗੁਰਸ਼ਰਨ ਸਿੰਘ ਜੀ ਦੇ ਨਾਟਕ ਵੀ ਕਰਵਾਏ। ਇੱਕ ਵਾਰ ਤਰਕਸ਼ੀਲ ਸ਼ੋਅ ਵੀ।
ਸਵਰਗੀ ਗਾਇਕ ਸੁਰਜੀਤ ਬਿੰਦਰਖੀਆ ਨੂੰ ਪੰਮੀ ਬਾਈ ਦੇ ਕਹਿਣ ਤੇ ਅਤੇ ਜੇਜੀ ਬੈਂਸ ਨੂੰ ਸ਼ਮਸ਼ੇਰ ਸਿੰਘ ਸੰਧੂ ਦੇ ਸੰਗ ਸਾਥ ਪਹਿਲੀ ਵਾਰ ਇੱਥੇ ਅਸਾਂ ਹੀ ਪੇਸ਼ ਕੀਤਾ। ਮੈਨੂੰ ਯਾਦ ਹੈ ਸੁਰਜੀਤ ਬਿੰਦਰਖੀਆ ਬੱਸ ਤੇ ਆਇਆ ਸੀ ਪਿੰਡੋਂ। ਪੰਮੀ ਕਿਰਾਇਆ ਭਾੜਾ ਵੀ ਪੂਰਾ ਨਹੀਂ ਸੀ ਦੇ ਰਿਹਾ ਪਰ ਅਗਲੇ ਸਾਲ ਕੈਸਿਟ ਆਉਣ ਕਾਰਨ ਸ਼ਮਸ਼ੇਰ ਸਿੰਘ ਸੰਧੂ ਦੀ ਸਿਫ਼ਾਰਿਸ਼ ਤੇ ਪ੍ਰਬੰਧਕਾਂ ਨੇ ਦਸ ਹਜ਼ਾਰ ਦੇ ਕੇ ਬੁਲਾਇਆ।
ਜੇਜੀ ਬੈਂਸ ਨੂੰ ਸ਼ਮਸ਼ੇਰ ਲੈ ਕੇ ਆਇਆ ਸੀ। ਸੁਖਸ਼ਿੰਦਰ ਸ਼ਿੰਦਾ ਤੇ ਇੰਦਰਜੀਤ ਬੈਂਸ ਉਸ ਦੇ ਪੇਸ਼ਕਾਰ ਸਨ।
ਪਹਿਲਾਂ ਤਾਂ ਪ੍ਰਬੰਧਕ ਟਾਈਮ ਨਾ ਦੇਣ ਪਰ ਮਰ ਕੇ ਇੱਕ ਗੀਤ ਦਾ ਸਮਾਂ ਮਿਲਿਆ। ਉਸਨੇ ਬੁਲੰਦ ਆਵਾਜ਼ ਵਿੱਚ ਜਦ ਪਹਿਲਾ ਗੀਤ ਘੁੱਗੀਆਂ ਦਾ ਜੋੜਾ ਗਾਇਆ ਤਾਂ ਸਰੋਤੇ ਇੱਕ ਹੋਰ ਇੱਕ ਹੋਰ ਦੇ ਹੋਕਰੇ ਦੇਣ ਲੱਗੈ।ਉਸ ਇਥੇ ਤਿੰਨ ਗੀਤ ਹੋਰ ਗਾਏ। ਉਸ ਦਾ ਵੇਸ ਤੇ ਨਾਮ ਅੱਜ ਵਾਲਾ ਨਹੀਂ ਸੀ। ਉਸ ਨੂੰ ਤਾਂ ਭਾਵੇਂ ਇਹ ਘਟਨਾ ਵਿੱਸਰ ਗਈ ਹੋਵੇ ਪਰ ਮੈਨੂੰ ਯਾਦ ਹੈ।
ਇੱਥੇ ਹੀ ਯੋਗ ਜਾਏ, ਕਰਮ ਸਿੰਘ, ਸਵਦੇਸ਼ ਤਲਵਾਰ, ਠਾਕੁਰ ਦਲੀਪ ਸਿੰਘ, ਜਨਮੇਜਾ ਸਿੰਘ ਜੌਹਲ, ਹਰਭਜਨ ਸਿੰਘ ਬਾਜਵਾ, ਸੰਤੋਖ ਸਿੰਘ ਮੰਡੇਰ, ਸਤਵੰਤ ਸਿੰਘ ਨੰਦੜਾ, ਤੇਜਪਰਤਾਪ ਸਿੰਘ ਸੰਧੂ, ਰਣਜੋਧ ਸਿੰਘ, ਹਰਿੰਦਰ ਢਿੱਲੋਂ ਤੇ ਕਿੰਨੇ ਹੋਰ ਫੋਟੋਗਰਾਫ਼ੀ ਕਰਕੇ ਦੇਸ਼ ਦੇਸ਼ਾਂਤਰ ਵਿੱਚ ਆਭਾ ਮੰਡਲ ਪਸਾਰਦੇ। ਦੇਸ਼ ਪ੍ਰਦੇਸ਼ ਲੰਡਨ, ਇੰਡੋ ਕੈਨੇਡੀਅਨ ਟਾਈਮਜ਼ ਮੁੱਖ ਪੰਨੇ ਤੇ ਇਨ੍ਹਾਂ ਕਲਾਕਾਰਾਂ ਦੀ ਆਂ ਖਿੱਚੀਆਂ ਤਸਵੀਰਾਂ ਛਾਪਦੇ।
1986 ਵਿੱਚ ਮੈਂ ਕਿਲ੍ਹਾ ਰਾਏਪੁਰ ਖੇਡਾਂ ਲਈ ਖੇਡ ਗੀਤ ਲਿਖਿਆ। ਇਸ ਨੂੰ ਨਰਿੰਦਰ ਬੀਬਾ ਜੀ ਨੇ ਰੀਕਾਰਡ ਕੀਤਾ ਜੋ ਥਈ ਸਾਲ ਖੇਡਾਂ ਦੌਰਾਨ ਵੱਜਦਾ ਰਿਹਾ।
ਆਕਾਸ਼ਵਾਣੀ ਦੇ ਦੇਹਾਤੀ ਪ੍ਰੋਗ੍ਰਾਮ ਵਿੱਚ ਵੀ ਇਹ ਪ੍ਰਸਾਰਤ ਹੋਇਆ।
ਗੀਤ ਇਹ ਸੀ

ਖੇਡਾਂ ਖੇਡੋ ਤੇ ਖਿਡਾਓ
ਐ ਪੰਜਾਬ ਵਾਸੀਓ!
ਜੜ੍ਹੋਂ ਈਰਖਾ ਮੁਕਾਓ
ਐ ਪੰਜਾਬ ਵਾਸੀਓ!
ਖੇਡਾਂ ਖੇਡਣਾ ਖਿਡਾਉਣਾ
ਸਾਡਾ ਧਰਮ ਨਿਸ਼ਾਨ।
ਸਾਡੇ ਵਾਸਤੇ ਹੈ ਏਹੀ
ਹੁਣ ਦੀਨ ਤੇ ਈਮਾਨ।
ਸਾਰੇ ਰਲ ਮਿਲ ਗਾਓ
ਐ ਪੰਜਾਬ ਵਾਸੀਓ!

ਸਾਰੇ ਧਰਮਾਂ ਦੇ ਲੋਕ
ਰਲ ਖੇਡਦੇ ਕਬੱਡੀ।
ਕਦੇ ਆਵੇ ਨਾ ਧਿਆਨ
ਕਿਹੜੀ ਜਾਤ ਛੋਟੀ ਵੱਡੀ।
ਏਹੀ ਸਬਕ ਪੜ੍ਹਾਓ
ਐ ਪੰਜਾਬ ਵਾਸੀਓ!


ਬੈਲਗੱਡੀਆਂ ਦੀ ਦੌੜ ਦਾ
ਨਜ਼ਾਰਾ ਵੇਖ ਲਓ।
ਏਕਾ ਬੌਲਦਾਂ ਦਾ ਜਿੱਤਦਾ
ਇਸ਼ਾਰਾ ਵੇਖ ਲਓ।
ਪਿਆਰ ਚੇਤਨਾ ਵਧਾਓ
ਐ ਪੰਜਾਬ ਵਾਸੀਓ!

ਪਵੇ ਕਿੱਕਲੀ ਤੇ ਗਿੱਧਾ
ਬੋਲੀ ਪਾਉਣ ਮੁਟਿਆਰਾਂ।
ਲੱਗੇ ਅੰਬਰਾਂ ਤੋਂ ਲੱਥੀਆਂ ਨੇ
ਕੂੰਜਾਂ ਦੀਆਂ ਡਾਰਾਂ।
ਕੂੰਜਾਂ ਅੱਗ ਤੋਂ ਬਚਾਓ
ਐ ਪੰਜਾਬ ਵਾਸੀਓ!
ਜੜ੍ਹੋਂ ਈਰਖਾ ਮੁਕਾਓ
ਐ ਪੰਜਾਬ ਵਾਸੀਓ!

ਇਸ ਗੀਤ ਨੂੰ ਮੈਂ ਆਪਣੇ ਗੀਤ ਸੰਗ੍ਰਹਿ "ਫੁੱਲਾਂ ਦੀ ਝਾਂਜਰ" ਵਿੱਚ ਵੀ ਸ਼ਾਮਲ ਕੀਤਾ।
ਇਹ ਗੱਲ ਵੀ ਮੇਰੇ ਲਈ ਮਾਣਮੱਤੀ ਬਣ ਗਈ ਕਿ ਮੇਰੇ ਬੇਨਤੀ ਕਰਨ ਤੇ ਸਿਰਮੌਰ ਗੀਤਕਾਰ ਇੰਦਰਜੀਤ ਹਸਨਪੁਰੀ, ਹਰਦੇਵ ਦਿਲਗੀਰ ਤੇ ਪਾਲੀ ਦੇਤਵਾਲੀਆ ਨੇ ਵੀ ਕਿਲ੍ਹਾ ਰਾਏਪੁਰ ਖੇਡਾਂ ਬਾਰੇ ਖੇਡ ਗੀਤ ਲਿਖੇ।
ਸਮਾਂ ਬੀਤ ਗਿਆ ਤੈਜ਼ ਰਫਤਾਰੀ ਵਿੱਚ। ਕਿਸੇ ਖੇਡ ਲਿਖਾਰੀ ਨੂੰ ਇਨ੍ਹਾਂ ਖੇਡਾਂ ਬਾਰੇ ਮੁਕੰਮਲ ਕਿਤਾਬ ਲਿਖਣੀ ਚਾਹੀਦੀ ਹੈ।
ਬਾਰਾਂ ਸਾਲ ਬਾਅਦ ਬੈੱਲ ਗੱਡੀਆਂ ਦੀਆਂ ਦੌੜਾਂ ਹੋਣਾ ਇਤਿਹਾਸਕ ਗੱਲ ਹੈ ਜਿਸ ਲਈ ਪੰਜਾਬ ਵਿਧਾਨ ਸਭਾ ਤੇ ਪੰਜਾਬ ਸਰਕਾਰ ਮੁਬਾਰਕ ਦੀ ਹੱਕਦਾਰ ਹੈ।
ਪਿਛਲੇ ਤਿੰਨ ਸਾਲ ਤੋਂ ਇਹ ਖੇਡਾਂ ਪੰਜਾਬ ਸਰਕਾਰ ਪਿੰਡ ਦੇ ਸਹਿਯੋਗ ਨਾਲ ਕਰਵਾ ਰਹੀ ਹੈ। ਤੁਸੀਂ ਵੀ ਅੱਜ ਤੇ ਕੱਲ੍ਹ ਕਿਲ੍ਹਾ ਰਾਏਪੁਰ ਖੇਡਾਂ ਦਾ ਮੁਬਾਰਕ ਪਲ ਮਾਣ ਲਉ।

## "ਦਿਨ ਸਗਨਾਂ ਦੇ" ਡਿਊਟ ਗੀਤ ਖੂਬਸੂਰਤ ਪੰਜਾਬੀ ਸਭਿਆਚਾਰ ਦੀ ਵੰਨਗੀ ਨੂੰ ਦਰਸਾਉਂਦਾ ਹੈ :- ਲੋਕ ਗਾਇਕ ਤੇ ਅਦਾਕਾਰ ਇੰਦਰ ਮਾਨ

ਵਰਲਡ ਪੰਜਾਬੀ ਟਾਈਮਜ਼ ਸ਼ਿਵਨਾਥ ਦਰਦੀ ਫ਼ਰੀਦਕੋਟ




ਪੰਜਾਬੀ ਸੰਗੀਤ ਜਗਤ ਵਿੱਚ ਚਰਚਿਤ ਲੋਕ ਗਾਇਕ 'ਕੁਲਦੀਪ ਸੁੱਖ ਜੀ' ਕਿਸੇ ਜਾਣ ਪਹਿਚਾਣ ਦੇ ਮੁਥਾਜ ਨਹੀ । ਇਸ ਤੋ ਪਹਿਲਾ ਵੀ ਏਨਾਂ ਦੇ ਸਿੰਗਲ ਟਰੈਕ ਤੇ ਡਿਊਟ ਗੀਤ ਸੰਗੀਤਕ ਖੇਤਰ ਵਿਚ ਮਣਾਂ ਮੂੰਹੀ ਪਿਆਰ ਮੁਹੱਬਤ ਖੱਟ ਚੁੱਕੇ ਹਨ।

ਜੇਕਰ ਏਨਾਂ ਦੇ ਸਿੰਗਲ ਟਰੈਕ ਦੀ ਗੱਲ ਕਰੀਏ ਤਾਂ ਏਨਾਂ ਦੇ ਸਿੰਗਲ ਟਰੈਕ ਸੰਗੀਤਕ ਖੇਤਰ ਵਿੱਚ ਆਪਣੀ ਵਿਲੱਖਣ ਭੱਲ ਸਥਾਪਿਤ ਕਰ ਚੁੱਕੇ ਹਨ। ਜਿਵੇਂ ਕਿ ਸਿੰਗਲ ਟਰੈਕ 'ਝਾਂਜਰਾਂ', ਓਹ ਦਿਨ ਵਧੀਆ ਸੀ, ਆਜਾ ਵਤਨਾਂ ਨੂੰ, ਵਣਜਾਰਾ,ਸਾਨੂੰ ਹੁਣ ਪਤਾ ਲੱਗਾ,ਬੱਲੇ ਬੱਲੇ ਹੋਗੀ, ਨੱਚਣਾ ਤੇ ਸੁੱਕੇ ਘਾਹ ਵਾਂਗ ਆਦਿ ਹਨ ਜੋ ਕਿ ਪੈਰੀਟੋਨ ਕੰਪਨੀ ਤੇ ਪ੍ਰਸਿੱਧ ਲੋਕ ਗਾਇਕ ਤੇ ਗੀਤਕਾਰ ਭਿੰਦੇ ਸਾਹ ਜੀ ਵੱਲੋ ਲੋਕ ਅਰਪਣ ਕੀਤੇ ਗਏ। ਏਸੇ ਤਰਾਂ ਏਨਾਂ ਧਾਰਮਿਕ ਗ਼ੀਤ "ਸਿੰਘ ਸਰਦਾਰ" ਸੂਫੀ ਗੀਤ "ਸਾਂਈਆਂ ਦੀ ਕਮਲੀ" ਤੇ ਲੋਕ ਤੱਥ "ਪਿੰਡਾਂ ਦੇ ਨਜਾਰੇ" ਜੱਸ ਰਿਕਾਰਡ ਤੇ ਡਿਊਟ ਗੀਤ ਜੰਝ v/s ਜੇਠ ਜੋ ਲੋਕ ਗਾਇਕ ਕੁਲਦੀਪ ਸੁੱਖ ਤੇ ਪੰਜਾਬੀ ਦੀ ਸੁਰੀਲੀ ਲੋਕ ਗਾਇਕਾ ਸਿਮਰਨ ਕੌਰ ਨੇ ਜੋ "ਜੋਬਨ ਕਵੀਨ ਕੰਪਨੀ" ਵੱਲੋ ਪੇਸ਼ ਕੀਤਾ ਗਿਆ।

ਚਰਚਿਤ ਲੋਕ ਗਾਇਕ 'ਕੁਲਦੀਪ ਸੁੱਖ ਜੀ' ਸਾਡੀ ਖੁਸ਼ੀ ਸਮੇ ਸਾਡੀ ਖੁਸ਼ੀ ਨੂੰ ਦੁੱਗਣਾ ਕਰਦੇ ਨੇ , ਓਹ ਭਾਵੇ ਮਲਵਈ ਗਿੱਧਾ ਹੋਵੇ ਜਾਂ ਲਾਈਵ ਸਟੇਜ ਸ਼ੋਅ , ਜਾਗੋ ਜਾਂ ਕੋਈ ਲੇਡੀਜ਼ ਸੰਗੀਤ ਸਮਾਗਮ ਹੋਵੇ। ਏਨਾਂ ਨੂੰ ਮੁਹਾਰਤ ਹਾਸਿਲ ਹੈ ਹਰ ਸਮਾਗਮ ਵਿੱਚ ਖੂਬਸੂਰਤ ਰੰਗ ਬੰਨਣ ਦੀ।

ਹੁਣ ਗੱਲ ਕਰਦੇ ਹਾਂ, ਏਨਾਂ ਦੇ ਨਵੇ ਡਿਊਟ ਗੀਤ "ਦਿਨ ਸਗਨਾਂ ਦੇ" ਜਿਸ ਵਿੱਚ ਲੋਕ ਗਾਇਕ ਕੁਲਦੀਪ ਸੁੱਖ ਨਾਲ ਪੰਜਾਬੀ ਦੀ ਸੁਰੀਲੀ ਲੋਕ ਗਾਇਕਾ ਸਿਮਰਨ ਕੌਰ ਨੇ ਬਾਕਮਾਲ ਆਵਾਜ਼ ਨਾਲ ਗਾ ਕੇ ਸੰਗੀਤਕ ਪ੍ਰੇਮੀਆ ਨੂੰ ਇਕ ਨਵੀ ਸੌਗਾਤ ਦਿੱਤੀ। ਇਸ ਡਿਊਟ ਗੀਤ ਨੂੰ ਖੂਬਸੂਰਤ ਬੇਹਤਰੀਣ ਸ਼ਬਦਾਵਲੀ ਦੀ ਮਾਲਾ 'ਚ ਪਰੋਣ ਵਾਲੇ ਪ੍ਰਸਿੱਧ ਗੀਤਕਾਰ " ਕੀਪਾ ਮਚਾਕੀ ਜੀ" ਨੇ ਅਤੇ ਇਸ ਗੀਤ ਨੂੰ ਸੰਗੀਤਕ ਧੁੰਨਾਂ ਦਾ ਸੁਮੇਲ ਦਿਗਜ ਸੰਗੀਤਕਾਰ ਰਵਿੰਦਰ ਟੀਨਾ ਤੇ ਸੰਗੀਤ ਕੰਡਿਆਰਾ ਨੇ ਕਰਵਾਇਆ। ਜੇਕਰ ਮਿਕਸ ਮਾਸਟਰ ਦੀ ਬਾਰੇ ਗੱਲ ਕਰੀਏ ਹਾਂ, ਓਹ ਮਾਣਮੱਤੀ ਸਖਸ਼ੀਅਤ "ਸੰਨੀ ਸੈਵਨ" ਹਨ । ਇਸ ਦਾ ਬੇਹਤਰੀਣ ਫਿਲਮਾਂਕਣ "ਓਪੀ ਬੰਟੂ" ਨੇ ਮਨਮੋਹਕ ਲੋਕੇਸ਼ਨ ਤੇ ਬੜੇ ਹੀ ਖੂਬਸੂਰਤ ਢੰਗ ਨਾਲ ਕੀਤਾ ਹੈ। ਇਸ ਪ੍ਰੋਜੈਕਟ ਨੂੰ ਲੋਕ ਗਾਇਕ ਤੇ ਅਦਾਕਾਰ ਇੰਦਰ ਮਾਨ ਨੇ ਆਪਣੀ ਸੂਖਮ ਸੋਚ ਨਾਲ ਆਖਰੀ ਮੁਕਾਮ ਤੱਕ ਪਹੁੰਚਾਇਆ। ਇਹ ਡਿਊਟ ਗੀਤ ਨੂੰ "kwm record" ਯੂਟਿਊਬ ਚੈਨਲ ਤੇ ਸੰਗੀਤਕ ਪ੍ਰੇਮੀਆ ਵੱਲੋ ਖੂਬ ਪਸੰਦ ਕੀਤਾ ਜਾ ਰਿਹਾ। ਸੋ ਮੇਰੀਆਂ ਦੁਆਵਾਂ ਪੂਰੀ ਟੀਮ ਤੇ ਲੋਕ ਗਾਇਕ ਕੁਲਦੀਪ ਸੁੱਖ ਤੇ ਲੋਕ ਗਾਇਕਾ ਸਿਮਰਨ ਜੀ ਦੇ ਉੱਜਵਲ ਭਵਿੱਖ ਲਈ।ਆਮੀਨ

## ਦਸਮ ਪਿਤਾ ਸਚਖੰਡ ਜਾਣ ਵੇਲੇ ਗੁਰੂ ਗੋਬਿੰਦ ਸਿੰਘ ਜੀ ਨੇ ਆਖਿਆ ਸੀ,

ਵਰਲਡ ਪੰਜਾਬੀ ਟਾਈਮਜ਼ ਸੁਰਜੀਤ ਸਾਰੰਗ



ਜੇਹੜਾ ਮੈਂ ਆਪਣੇ ਸਿੱਖਾਂ ਨੂੰ ਦਿੱਤਾ ਹੈ, ਉਹ ਸਦਾ ਲਈ ਹੈ। ਇਹ ਸਿੱਖਾਂ ਦੀ ਜ਼ਿੰਦਗੀ ਦਾ ਸਦਾ ਲਈ ਨਿਯਮ ਹੈ। ਇਹ ਸਿੱਖਾਂ ਨੂੰ ਸਦਾ ਲਈ ਨਿਯਮ ਰਹੇਗਾ। ਇਸ ਵਿੱਚ ਕੋਈ ਬਦਲਾਅ ਨਹੀਂ ਹੋ ਸਕਦਾ। ਇਸ ਨੂੰ ਕਿਸੇ ਵੀ ਤਰ੍ਹਾਂ ਨਾਲ ਬਦਲਿਆ ਨਹੀਂ ਜਾ ਸਕਦਾ।

ਇਹ ਗੱਲ ਸਪਸ਼ਟ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਨੂੰ ਦਸਮ ਪਿਤਾ ਦੀ ਰਚਨਾ ਦੀ ਮਹੱਤਤਾ ਬਾਰੇ ਦੱਸਿਆ ਸੀ ਅਤੇ ਇਸ ਨੂੰ ਸਦਾ ਲਈ ਨਿਯਮ ਬਣਾਉਣ ਦੀ ਗੱਲ ਕਹੀ ਸੀ।

ਹੁਣ ਇਹ ਸਵਾਲ ਪੈਦਾ ਹੁੰਦਾ ਹੈ ਕਿ ਕੀ ਦਸਮ ਪਿਤਾ ਦੀ ਰਚਨਾ ਦਾ ਕੋਈ ਵਿਸ਼ੇਸ਼ ਮਹੱਤਵ ਹੈ? ਕੀ
ਦਸਮ ਪਿਤਾ ਦੀ ਰਚਨਾ ਦਾ ਮਹੱਤਵ ਇਹ ਹੈ ਕਿ ਇਸ ਵਿੱਚ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਨੂੰ ਇੱਕ ਨਵਾਂ ਜੀਵਨ ਦਰਸ਼ਨ ਦਿੱਤਾ ਹੈ। ਇਸ ਵਿੱਚ ਉਨ੍ਹਾਂ ਨੇ ਸਿੱਖਾਂ ਨੂੰ ਆਪਣੇ ਜੀਵਨ ਨੂੰ ਇੱਕ ਨਵੇਂ ਢੰਗ ਨਾਲ ਜੀਊਣ ਦੀ ਸਿੱਖਿਆ ਦਿੱਤੀ ਹੈ।

ਦਸਮ ਪਿਤਾ ਵਿੱਚ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਨੂੰ ਕਈ ਮਹੱਤਵਪੂਰਨ ਸੰਦੇਸ਼ ਦਿੱਤੇ ਹਨ। ਇਨ੍ਹਾਂ ਵਿੱਚੋਂ ਕੁਝ ਮੁੱਖ ਸੰਦੇਸ਼ ਇਹ ਹਨ:

ਸਿੱਖਾਂ ਨੂੰ ਆਪਣੇ ਜੀਵਨ ਨੂੰ ਇੱਕ ਨਵੇਂ ਢੰਗ ਨਾਲ ਜੀਊਣਾ ਚਾਹੀਦਾ ਹੈ। ਉਨ੍ਹਾਂ ਨੂੰ ਆਪਣੇ ਜੀਵਨ ਨੂੰ ਇੱਕ ਸਿੱਖ ਦੇ ਰੂਪ ਵਿੱਚ ਜੀਊਣਾ ਚਾਹੀਦਾ ਹੈ।

ਸਿੱਖਾਂ ਨੂੰ ਆਪਣੇ ਆਪ ਨੂੰ ਸਿੱਖਿਆ ਦੇਣੀ ਚਾਹੀਦੀ ਹੈ। ਉਨ੍ਹਾਂ ਨੂੰ ਆਪਣੇ ਆਪ ਨੂੰ ਸਿੱਖਿਆ ਦੇਣ ਲਈ ਕਠਿਨ ਮਿਹਨਤ ਕਰਨੀ ਚਾਹੀਦੀ ਹੈ।

ਸਿੱਖਾਂ ਨੂੰ ਆਪਣੇ ਆਪ ਨੂੰ ਸਮਾਜ ਦੇ ਲਈ ਕੰਮ ਕਰਨਾ ਚਾਹੀਦਾ ਹੈ। ਉਨ੍ਹਾਂ ਨੂੰ ਆਪਣੇ ਆਪ ਨੂੰ ਸਮਾਜ ਦੇ ਲਈ ਕੰਮ ਕਰਨ ਲਈ ਕਠਿਨ ਮਿਹਨਤ ਕਰਨੀ ਚਾਹੀਦੀ ਹੈ।

ਸਿੱਖਾਂ ਨੂੰ ਆਪਣੇ ਆਪ ਨੂੰ ਧਰਮ ਦੇ ਲਈ ਕੰਮ ਕਰਨਾ ਚਾਹੀਦਾ ਹੈ। ਉਨ੍ਹਾਂ ਨੂੰ ਆਪਣੇ ਆਪ ਨੂੰ ਧਰਮ ਦੇ ਲਈ ਕੰਮ ਕਰਨ ਲਈ ਕਠਿਨ ਮਿਹਨਤ ਕਰਨੀ ਚਾਹੀਦੀ ਹੈ।

ਇਹ ਸੰਦੇਸ਼ ਸਿੱਖਾਂ ਲਈ ਬਹੁਤ ਮਹੱਤਵਪੂਰਨ ਹਨ। ਇਨ੍ਹਾਂ ਸੰਦੇਸ਼ਾਂ ਦੀ ਪਾਲਣਾ ਕਰਕੇ ਸਿੱਖ ਆਪਣੇ ਜੀਵਨ ਨੂੰ ਇੱਕ ਨਵੇਂ ਢੰਗ ਨਾਲ ਜੀਊ ਸਕਦੇ ਹਨ।

## ਰੁੱਖ

ਚਾਰੇ ਪਾਸੇ ਜਿੰਨੇ ਜ਼ਿਆਦਾ ਹੋਣਗੇ ਰੁੱਖ,

ਇਹ ਸਾਨੂੰ ਉੱਨੇ ਜ਼ਿਆਦਾ ਦੇਣਗੇ ਸੁੱਖ।

ਇਨ੍ਹਾਂ ਲਈ ਨਾ ਕੋਈ ਛੋਟਾ, ਨਾ ਕੋਈ ਵੱਡਾ ਏ,

ਇਨ੍ਹਾਂ ਦਾ ਆਕਸੀਜਨ ਭੰਡਾਰ ਸਭ ਲਈ ਖੁੱਲ੍ਹਾ ਏ।

ਜਿਹੜਾ ਪ੍ਰਦੂਸ਼ਣ ਮਨੁੱਖ ਦੇ ਕੰਮ ਫੈਲਾਂਦੇ ਨੇ,

ਉਸ ਨੂੰ ਇਹ ਆਕਸੀਜਨ ਨਾਲ ਘਟਾਂਦੇ ਨੇ।



ਇਹ ਤੇਜ਼ ਹਵਾਵਾਂ ਦੀ ਗਤੀ ਨੂੰ ਘਟਾਂਦੇ ਨੇ,

ਏਦਾਂ ਉਪਜਾਊ ਮਿੱਟੀ ਉੱਡਣ ਤੋਂ ਬਚਾਂਦੇ ਨੇ।

ਇਹ ਚਾਰੇ ਪਾਸੇ ਠੰਢੀਆਂ ਹਵਾਵਾਂ ਚਲਾਂਦੇ ਨੇ,

ਇਹ ਧਰਤੀ ਦੇ ਉੱਤੇ ਵਰਖਾ ਲਿਆਂਦੇ ਨੇ।

ਇਹ ਅਨੇਕਾਂ ਦਵਾਈਆਂ ਦਾ ਭੰਡਾਰ ਨੇ,

ਇਹ ਏਸੇ ਲਈ ਮਨੁੱਖ ਦੇ ਸੱਚੇ ਯਾਰ ਨੇ।

'ਮਾਨ' ਇਨ੍ਹਾਂ ਨੂੰ ਕੱਟਣ ਦੇ ਨਾ ਲੱਭੋ ਬਹਾਨੇ ,

ਧੁਰ ਤੱਕ ਨਿਭਾਓ ਪਾ ਕੇ ਇਨ੍ਹਾਂ ਨਾਲ ਯਰਾਨੇ।

ਵਰਲਡ ਪੰਜਾਬੀ ਟਾਈਮਜ਼ ਮਹਿੰਦਰ ਸਿੰਘ ਮਾਨ